# Press Statement on reports about Pakistan transferring the management and maintenance of the Holy GurudwaraKartarpur Sahib

November 05, 2020

…………………………………………………………………………………………..

# ਪਾਕਿਸਤਾਨ ਵੱਲੋਂ ਪਵਿੱਤਰ ਗੁਰੂਦਵਾਰਾ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਅਤੇ ਰੱਖ-ਰਖਾਅ ਟ੍ਰਾਂਸਫਰ ਕਰਨ ਦੀਆਂ ਰਿਪੋਰਟਾਂ ਬਾਰੇ ਪ੍ਰੈਸ ਬਿਆਨ

5 ਨਵੰਬਰ, 2020

ਅਸੀਂ ਪਾਕਿਸਤਾਨ ਅੰਦਰ ਪਵਿੱਤਰ ਗੁਰੂਦਵਾਰਾ ਕਰਤਾਰਪੁਰ ਸਾਹਿਬ ਦੇ ਪ੍ਰਬੰਧ ਅਤੇ ਰੱਖ-ਰਖਾਅ ਦਾ ਕੰਮ ਘੱਟਗਿਣਤੀ ਸਿੱਖ ਭਾਈਚਾਰੇ ਦੁਆਰਾ ਚਲਾਈ ਜਾ ਰਹੀ ਸੰਸਥਾ ਪਾਕਿਸਤਾਨ ਸਿੱਖ ਗੁਰੂਦਵਾਰਾ ਪ੍ਰਬੰਧਕ ਕਮੇਟੀ (PSGPC) ਤੋਂ ਗੈਰ- ਸਿੱਖ ਸੰਸਥਾ ਹਿਜਰਤੀ ਟ੍ਰਸਟ ਜਾਇਦਾਦ ਬੋਰਡ ਨੂੰ ਸੌਂਪੇ ਜਾਣ ਬਾਰੇ ਖਬਰਾਂ ਪੜ੍ਹੀਆਂ ਹਨ।

ਪਾਕਿਸਤਾਨ ਵੱਲੋਂ ਲਿਆ ਗਿਆ ਇਹ ਇਕਪਾਸੜ ਫੈਸਲਾ ਬਹੁਤ ਨਿੰਦਣਯੋਗ ਹੈ ਅਤੇ ਕਰਤਾਰਪੁਰ ਸਾਹਿਬ ਲਾਂਘੇ ਪਿੱਛੇ ਦੀ ਭਾਵਨਾ ਅਤੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਦੇ ਖਿਲਾਫ ਹੈ। ਸਾਨੂੰ ਪਾਕਿਸਤਾਨ ਵੱਲੋਂ ਘੱਟ ਗਿਣਤੀ ਸਿੱਖ ਭਾਈਚਾਰੇ ਦੇ ਹੱਕਾਂ ਦੀ ਉਲੰਘਣਾ ਕਰਨ ਵਾਲੇ ਇਸ ਫੈਸਲੇ ਬਾਰੇ ਸਿੱਖ ਭਾਈਚਾਰੇ ਦੇ ਵਿਰੋਧ ਪੱਤਰ ਮਿਲੇ ਹਨ। ਅਜਿਹੀਆਂ ਕਾਰਵਾਈਆਂ ਸਿਰਫ ਪਾਕਿਸਤਾਨੀ ਸਰਕਾਰ ਅਤੇ ਇਸਦੀ ਲੀਡਰਸ਼ਿਪ ਦੇ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਦੇ ਹੱਕਾਂ ਦੀ ਰਾਖੀ ਅਤੇ ਹਿਫਾਜ਼ਤ ਕਰਨ ਬਾਰੇ ਵੱਡੇ ਵੱਡੇ ਦਾਅਵਿਆਂ ਦੀ ਪੋਲ ਖੋਲ੍ਹਦੀਆਂ ਹਨ। ਪਾਕਿਸਤਾਨ ਤੋਂ ਘੱਟਗਿਣਤੀ ਸਿੱਖ ਭਾਈਚਾਰੇ ਨੂੰ ਪਵਿੱਤਰ ਗੁਰੂਦਵਾਰਾ ਕਰਤਾਰਪੁਰ ਸਾਹਿਬ ਦੇ ਪ੍ਰਬੰਧ ਦੇ ਕੰਮ ਤੋਂ ਵਾਂਝਾ ਕਰਨ ਦੇ ਇਸ ਮਨਮਾਨੇ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਜਾਂਦੀ ਹੈ।

ਨਵੀਂ ਦਿੱਲੀ
5 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.